**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।

ਮੀਮੋ ਨੰ: SSA0G&NL/29/2021
ਮਿਤੀ: 18-01-2021

**ਵਿਸ਼ਾ: Humanities ਅਤੇ English ਵਿਸ਼ਿਆਂ ਦੇ SRPs ਅਤੇ DRPs ਵੱਲੋਂ ਸਕੂਲਾਂ ਦੀ ਵਿਜ਼ਿਟ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਪੰਜਾਬ ਰਾਜ ਵਿੱਚ ਵਿਦਿਆ ਦੇ ਗੁਣਾਤਮਕ ਸੁਧਾਰ ਹਿੱਤ 11ਵੀਂ ਅਤੇ 12ਵੀਂ ਜਮਾਤਾਂ ਦੇ Humanities ਅਤੇ English ਵਿਸ਼ਿਆਂ ਦੇ ਸਿੱਖਣ ਅਤੇ ਅਧਿਆਪਨ ਨੂੰ ਹੋਰ ਬੇਹਤਰ ਬਣਾਉਣ ਲਈ ਅਤੇ ਮਿਸ਼ਨ ਸ਼ਤ ਪ੍ਰਤੀਸ਼ਤ ਨੂੰ ਧਿਆਨ ਵਿੱਚ ਰੱਖਦੇ ਹੋਏ, ਉਪਰੋਕਤ ਵਿਸ਼ਿਆਂ ਦੇ SRPs ਅਤੇ DRPs ਆਪਣੇ ਜ਼ਿਲ੍ਹੇ ਵਿੱਚ ਅਲਾਟ ਕੀਤੇ ਸਕੂਲਾਂ ਵਿੱਚ ਹਫਤੇ ਵਿੱਚ ਹਰ ਸ਼ਨੀਵਾਰ ਨੂੰ ਵਿਜ਼ਿਟ ਕਰਨਗੇ।

2.0 ਇਸ ਵਿਜ਼ਿਟ ਦੌਰਾਨ ਵੱਖ-ਵੱਖ ਸਕੂਲਾਂ ਵਿੱਚ ਸਬੰਧਤ ਵਿਸ਼ੇ ਦੇ ਨਤੀਜੇ ਨੂੰ ਹੋਰ ਵਧੀਆ ਬਣਾਉਣ ਵਿੱਚ ਸਹਾਇਕ Good Practices ਨੂੰ Observe ਕਰਨਗੇ ਅਤੇ ਸਮੂਹ ਲੈਕਚਰਾਰਾਂ ਨਾਲ ਸਾਂਝਾਂ ਕਰਨਗੇ ਤਾਂ ਜੋ ਸਮੂਹ ਵਿਦਿਆਰਥੀਆਂ ਨੂੰ ਇਹਨਾਂ Good Practices ਤੋਂ ਜਾਣੂ ਕਰਵਾਇਆ ਜਾ ਸਕੇ।

3.0 ਮਿਸ਼ਨ ਸ਼ਤ ਪ੍ਰਤੀਸ਼ਤ ਤਹਿਤ ਘੱਟ ਸਿੱਖਣ ਪੱਧਰ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਅਧਿਆਪਕਾਂ ਨੂੰ ਉਤਸਾਹਿਤ ਕੀਤਾ ਜਾਵੇ ਅਤੇ ਅਧਿਆਪਕਾਂ ਨਾਲ ਇਸ ਸਬੰਧੀ ਲੋੜੀਂਦੀ ਰਣਨੀਤੀ ਬਣਾਈ ਜਾਵੇ ਤਾਂ ਜੋ ਵਧੀਆ ਨਤੀਜੇ ਹਾਸਿਲ ਕੀਤੇ ਜਾ ਸਕਣ।

4.0 ਸਮੂਹ SRPs ਅਤੇ DRPs ਇਹ ਯਕੀਨੀ ਬਣਾਉਣ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪ੍ਰਸ਼ਨ ਪੱਤਰ ਦੀ ਬਣਤਰ ਅਤੇ ਅੰਕ ਵੰਡ ਦੀ ਸਹੀ ਜਾਣਕਾਰੀ ਹੋਵੇ।

**ਸਕੱਤਰ,ਸਕੂਲ ਸਿੱਖਿਆ**